# ਯੈਲੋ ਫੀਵਰ (ਪੀਲਾ ਬੁਖਾਰ) ਵੈਕਸੀਨ

## Yellow Fever Vaccine

ਸਫਰ ਤੋਂ ਪਹਿਲਾਂ ਲਗਵਾਈਆਂ ਜਾਣ ਵਾਲੀਆਂ ਵੈਕਸੀਨਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੇ ਤੁਸੀਂ ਕੁਝ ਮੁਲਕਾਂ ਵਿੱਚ ਸਫਰ ਜਾਂ ਕੰਮ ਕਰਦੇ ਹੋ। ਆਪਣੇ ਸਫਰ ਕਰਨ ਤੋਂ ਘੱਟੋ ਘੱਟ 6 ਤੋਂ 8 ਹਫਤੇ ਪਹਿਲਾਂ ਆਪਣੀਆਂ ਸਫਰ ਸੰਬੰਧੀ ਯੋਜਨਾਵਾਂ ਬਾਰੇ ਚਰਚਾ ਇੱਕ ਪਬਲਿਕ ਹੈਲਥ ਯੂਨਿਟ, ਕਿਸੇ ਟਰੈਵਲ ਕਲੀਨਿਕ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਕਰੋ।

ਸਫਰ ਤੋਂ ਪਹਿਲਾਂ ਲਗਵਾਈਆਂ ਜਾਣ ਵਾਲੀਆਂ ਜ਼ਿਆਦਾਤਰ ਵੈਕਸੀਨਾਂ ਸੂਬੇ ਦੀ ਮੈਡੀਕਲ ਸਰਵਿਸਿਜ ਪਲੈਨ (ਐਮਐਸਪੀ) ਦੁਆਰਾ ਕਵਰ ਨਹੀਂ ਕੀਤੀਆਂ ਜਾਂਦੀਆਂ, ਇਸ ਕਰਕੇ ਕੀਮਤ ਪਤਾ ਕਰਨ ਲਈ ਆਪਣੇ ਸਥਾਨਕ ਟਰੈਵਲ ਕਲੀਨਿਕ ਨਾਲ ਪੜਤਾਲ ਕਰੋ।

ਅਤੀਤ ਵਿੱਚ ਆਪਣੇ ਦੁਆਰਾ ਲਗਵਾਈਆਂ ਗਈਆਂ ਸਾਰੀਆਂ ਵੈਕਸੀਨਾਂ ਦਾ ਰਿਕਾਰਡ ਟਰੈਵਲ ਕਲੀਨਿਕ ਵਿੱਚ ਲੈਕੇ ਜਾਓ। ਤੁਹਾਡੇ ਦੁਆਰਾ ਸਫਰ ਲਈ ਲਗਵਾਈਆਂ ਗਈਆਂ ਸਾਰੀਆਂ ਵੈਕਸੀਨਾਂ ਦਾ ਰਿਕਾਰਡ ਰੱਖੋ ਅਤੇ ਉਸਨੂੰ ਆਪਣੀ ਯਾਤਰਾ ਤੇ ਆਪਣੇ ਨਾਲ ਲੈਕੇ ਜਾਓ।

### ਪੀਲਾ ਬੁਖਾਰ ਵੈਕਸੀਨ ਕੀ ਹੈ?

ਪੀਲਾ ਬੁਖਾਰ (ਯੈਲੋ ਫੀਵਰ) ਵੈਕਸੀਨ ਪੀਲਾ ਬੁਖਾਰ ਵਾਇਰਸ ਦੇ ਵਿਰੁੱਧ ਰੱਖਿਆ ਕਰਨ ਵਿੱਚ ਸਹਾਇਤਾ ਕਰਦੀ ਹੈ। ਪੀਲਾ ਬੁਖਾਰ ਵਿਗਾੜਗ੍ਰਸਤ ਮੱਛਰਾਂ ਦੁਆਰਾ ਫੈਲਣ ਵਾਲੀ ਵਾਇਰਲ ਬੀਮਾਰੀ ਹੈ। ਇਹ ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ।

### ਵੈਕਸੀਨ ਕਿਸ ਨੂੰ ਦਿੱਤੀ ਜਾਣੀ ਚਾਹੀਦੀ ਹੈ?

ਜੇ ਤੁਸੀਂ ਅਫਰੀਕਾ, ਜਾਂ ਮੱਧਵਰਤੀ ਅਤੇ ਦੱਖਣੀ ਅਮਰੀਕਾ ਦੇ ਗਰਮ ਖੇਤਰਾਂ ਵਿਚ ਜਾ ਰਹੇ ਹੋ ਜਾਂ ਕੰਮ ਕਰ ਰਹੇ ਹੋ ਤਾਂ ਤੁਹਾਨੂੰ ਵੈਕਸੀਨ ਲਗਵਾਉਣ ਦੀ ਲੋੜ ਹੋ ਸਕਦੀ ਹੈ। ਹੋਰ ਜਾਣਕਾਰੀ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਜਾਂ ਟਰੈਵਲ ਕਲੀਨਿਕ ਦੇ ਨਾਲ ਗੱਲ ਕਰੋ।

ਬੀ ਸੀ ਵਿੱਚ ਪੀਲਾ ਬੁਖਾਰ (ਯੈਲੋ ਫੀਵਰ) ਵੈਕਸੀਨੇਸ਼ਨ ਸੈਂਟਰਾਂ ਦੀ ਸੂਚੀ ਲਈ, ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਤੇ ਜਾਓ: www.canada.ca/en/public-health/services/travel-health/yellow-fever/vaccination-centres-canada-british-columbia.html.

ਇਸ ਵੈਕਸੀਨ ਦੀ ਸਿਫਾਰਸ਼ ਨਿਯਮਿਤ ਤੌਰ ਤੇ ਪੀਲਾ ਬੁਖਾਰ (ਯੈਲੋ ਫੀਵਰ) ਵਾਇਰਸ ਦੇ ਨਾਲ ਸੰਪਰਕ ਵਿਚ ਆਉਣ ਵਾਲੇ ਕਰਮਚਾਰੀਆਂ, ਜਿਵੇਂ ਕਿ ਕੁਝ ਖੋਜਕਾਰ ਅਤੇ ਪ੍ਰਯੋਗਸ਼ਾਲਾ ਦੇ ਕਰਮਚਾਰੀਆਂ, ਲਈ ਵੀ ਕੀਤੀ ਜਾਂਦੀ ਹੈ।

ਬਾਲਗ ਅਤੇ 9 ਮਹੀਨੇ ਅਤੇ ਉਸ ਤੋਂ ਵੱਧ ਉਮਰ ਦੇ ਬੱਚੇ ਵੈਕਸੀਨ, ਜੋ ਕਿ 1 ਖੁਰਾਕ ਜਾਂ ਸ਼ੋਟ ਦੀ ਤਰ੍ਹਾਂ ਦਿੱਤੀ ਜਾਂਦੀ ਹੈ, ਪ੍ਰਾਪਤ ਕਰ ਸਕਦੇ ਹਨ।

ਵੈਕਸੀਨ, ਵੈਕਸੀਨ ਪ੍ਰਾਪਤ ਕਰਨ ਵਾਲੇ 99 ਪ੍ਰਤੀਸ਼ਤ ਲੋਕਾਂ ਲਈ 30 ਦਿਨਾਂ ਦੇ ਅੰਦਰ ਪ੍ਰਭਾਵਸ਼ਾਲੀ ਸੁਰੱਖਿਆ ਪ੍ਰਦਾਨ ਕਰਦੀ ਹੈ। ਗਰਮ ਖੇਤਰਾਂ ਤੱਕ ਸਫਰ ਇਸ ਸਮੇਂ ਤੋਂ ਪਹਿਲਾਂ ਸ਼ੁਰੂ ਨਹੀਂ ਹੋਣਾ ਚਾਹੀਦਾ।

ਪੀਲਾ ਬੁਖਾਰ ਵੈਕਸੀਨ ਦੀ ਇੱਕ ਖੁਰਾਕ ਪੀਲੇ ਬੁਖਾਰ ਵਿਰੁੱਧ ਜੀਵਨ ਭਰ ਦੀ ਸੁਰੱਖਿਆ ਬਣਾਉਣ ਲਈ ਕਾਫੀ ਹੈ। ਵੈਕਸੀਨ ਦੀ ਬੂਸਟਰ ਖੁਰਾਕ ਦੀ ਲੋੜ ਨਹੀਂ ਹੈ।

ਵੈਕਸੀਨ ਪ੍ਰਾਪਤ ਕਰਨ ਤੋਂ ਬਾਅਦ, ਤੁਹਾਨੂੰ ਇੰਟਰਨੈਸ਼ਨਲ ਸਰਟੀਫੀਕੇਟ ਆਫ ਵੈਕਸੀਨੇਸ਼ਨ ਔਰ ਪ੍ਰੋਫਿਲੈਕਸਿਸ (International Certificate of Vaccination or Prophylaxis) ਨਾਮ ਦਾ ਮੋਹਰ ਲਗਿਆ ਹੋਇਆ ਇੱਕ ਦਸਤਾਵੇਜ਼ ਮਿਲੇਗਾ। ਇਹ ਦਸਤਾਵੇਜ਼ ਇੱਕ ਸਰਕਾਰੀ ਰਿਕਾਰਡ ਅਤੇ ਕੁਝ ਦੇਸ਼ਾਂ ਵਿੱਚ ਪ੍ਰਵੇਸ਼ ਲਈ ਕਾਨੂੰਨੀ ਆਵੱਸ਼ਕਤਾ ਹੈ। ਜੇ ਤੁਸੀਂ ਮੈਡੀਕਲ ਕਾਰਨ ਕਰਕੇ ਪੀਲਾ ਬੁਖਾਰ (ਯੈਲੋ ਫੀਵਰ) ਵੈਕਸੀਨ ਪ੍ਰਾਪਤ ਨਹੀਂ ਕਰ ਸਕਦੇ, ਤਾਂ ਤੁਹਾਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਦਫਤਰੀ ਸਿਰਨਾਵੇਂ ਵਾਲੇ ਕਾਗਜ਼ ਤੇ ਲਿਖਤੀ ਦਸਤਾਵੇਜ਼ੀ ਪ੍ਰਮਾਣ ਜਾਂ ਇੱਕ ਟਰੈਵਲ ਕਲੀਨਿਕ ਤੋਂ ਸਰਟੀਫੀਕੇਟ ਆਫ ਮੈਡੀਕਲ ਕੌਨਟਰਾਇੰਡੀਕੇਸ਼ਨ ਟੂ ਵੈਕਸੀਨੇਸ਼ਨ (Certificate of Medical Contraindication to Vaccination) ਦੀ ਲੋੜ ਹੋਏਗੀ। ਇਸ ਚਿੱਠੀ ਜਾਂ ਸਰਟੀਫੀਕੇਟ ਵਿੱਚ ਉਹ ਮੈਡੀਕਲ ਕਾਰਨ ਲਿੱਖਿਆ ਹੋਣਾ ਚਾਹੀਦਾ ਹੈ ਕਿ ਵੈਕਸੀਨ ਕਿਉਂ ਨਹੀਂ ਦਿੱਤੀ ਜਾ ਸਕੀ।

ਸਰਟੀਫੀਕੇਟ ਜਾਂ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਦੀ ਚਿੱਠੀ ਤੋਂ ਬਿਨਾਂ, ਤੁਹਾਨੂੰ ਤੁਹਾਡੇ ਵਲੋਂ ਜਾਏ ਜਾ ਰਹੇ ਦੇਸ਼ ਵਿੱਚ ਪ੍ਰਵੇਸ਼ ਕਰਨ ਤੋਂ ਮੰਨ੍ਹਾਂ ਕਰ ਦਿੱਤਾ ਜਾ ਸਕਦਾ ਹੈ, ਜਾਂ ਤੁਹਾਨੂੰ ਤੁਹਾਡੇ ਵਲੋਂ ਜਾਏ ਜਾ ਰਹੇ ਦੇਸ਼ ਦੇ ਪ੍ਰਵੇਸ਼ ਬੰਦਰਗਾਹ ਤੇ ਇਹ ਵੈਕਸੀਨ ਦਿੱਤੀ ਜਾ ਸਕਦੀ ਹੈ। ਸੰਭਵ ਹੈ ਕਿ ਕੁਝ ਦੇਸ਼ਾਂ ਵਿੱਚ ਟੀਕਾਕਰਣ ਸੰਬੰਧੀ ਕਾਰਜ ਪ੍ਰਣਾਲੀਆਂ ਆਦਰਸ਼ ਨਾ ਹੋਣ।

### ਵੈਕਸੀਨ ਦੇ ਕੀ ਲਾਭ ਹਨ?

ਪੀਲਾ ਬੁਖਾਰ (ਯੈਲੋ ਫੀਵਰ) ਵੈਕਸੀਨ ਪੀਲਾ ਬੁਖਾਰ ਵਾਇਰਸ, ਜੋ ਇੱਕ ਗੰਭੀਰ ਅਤੇ ਕਈ ਵਾਰੀ ਜਾਨਲੇਵਾ ਵਿਗਾੜ ਹੈ, ਦੇ ਵਿਰੁੱਧ ਰੱਖਿਆ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ।

### ਵੈਕਸੀਨ ਦੇ ਬਾਅਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਵੈਕਸੀਨ ਲਗਵਾਉਣਾ ਪੀਲੇ ਬੁਖਾਰ ਦਾ ਸ਼ਿਕਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ। ਵੈਕਸੀਨ ਦੀਆਂ ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਲਨ, ਲਾਲੀ, ਅਤੇ ਸੋਜ ਸ਼ਾਮਲ ਹੋ ਸਕਦੇ ਹਨ। ਹਲਕਾ ਸਿਰਦਰਦ, ਹਲਕਾ ਬੁਖਾਰ ਜਾਂ 1 ਜਾਂ 2 ਦਿਨ ਤੱਕ ਦੁਖਦੀਆਂ ਰਹਿਣ ਵਾਲੀਆਂ ਮਾਸਪੇਸ਼ੀਆਂ ਵੈਕਸੀਨ ਲਗਵਾਉਣ ਤੋਂ 5 ਤੋਂ 10 ਤੋਂ ਦਿਨਾਂ ਦੇ ਬਾਅਦ ਵਾਪਰ ਸਕਦੀਆਂ ਹਨ।

ਅਸੀਟਾਮੇਨੋਫੇਨ (Acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

* 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕੀਤੇ ਬਿਨਾਂ ਆਈਬਿਊਪ੍ਰੋਫੇਨ ਨਹੀਂ ਦਿੱਤੀ ਜਾਣੀ ਚਾਹੀਦੀ।

ਰਾਈ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰਾਈ ਸਿੰਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਐਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ, ਇੱਕ ਮਿਲਿਅਨ ਵਿੱਚੋਂ 1 ਤੋਂ ਵੀ ਘੱਟ ਵਿੱਚ, ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਐਪੀਨੇਫਰਿੰਨ (ਐਡ੍ਰੇਨੇਲਿੰਨ-adrenaline) ਦਿੱਤੇ ਜਾਣਾ ਅਤੇ ਐਮਬੂਲੈਂਸ ਰਾਹੀਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟ੍ਰਾਂਸਫਰ ਸ਼ਾਮਲ ਹਨ। ਜੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਸਾਰੀਆਂ ਗੰਭੀਰ ਜਾਂ ਅਣਿਆਈਆਂ ਪ੍ਰਤੀਕ੍ਰਿਆਵਾਂ ਬਾਰੇ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨੂੰ ਹਮੇਸ਼ਾ ਦਸਣਾ ਮਹੱਤਵਪੂਰਨ ਹੈ।

## ਵੈਕਸੀਨ ਕਿਸ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ?

ਹੇਠਾਂ ਦਿੱਤੇ ਲੋਕਾਂ ਨੂੰ ਆਮਤੌਰ ਤੇ ਵੈਕਸੀਨ ਨਹੀਂ ਦਿੱਤੀ ਜਾਣੀ ਚਾਹੀਦੀ, ਪਰ ਜੇ ਯਾਤਰਾ ਤੋਂ ਬਚਿਆ ਨਹੀਂ ਜਾ ਸਕਦਾ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਪੀਲਾ ਬੁਖਾਰ ਵੈਕਸੀਨ ਦੇ ਲਾਭਾਂ ਬਨਾਮ ਜੋਖਮਾਂ ਬਾਰੇ ਚਰਚਾ ਕਰੋ।

- 9 ਮਹੀਨਿਆਂ ਤੋਂ ਘੱਟ ਉਮਰ ਦੇ ਬੱਚੇ
- 60 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਲੋਕ
- ਮਾਏਸਥੀਨੀਆ ਗਰੈਵਿਸ (myasthenia gravis), ਥਾਏਮੋਮਾ (thymoma), ਥਾਏਮੈਕਟਮੀ (thymectomy) ਜਾਂ ਡੀਜੋਰਜ ਸਿੰਡਰੋਮ (DiGeorge syndrome) ਸਮੇਤ ਥਾਏਮਸ (thymus) ਬੀਮਾਰੀ ਜਾਂ ਰੋਗ ਦੇ ਇਤਿਹਾਸ ਵਾਲੇ ਲੋਕ। ਤੁਹਾਡਾ ਵੈਕਸੀਨ ਪ੍ਰਾਪਤ ਕਰਨ ਤੋਂ ਬਾਅਦ ਅਨੇਕ ਇੰਦਰੀਆਂ ਦੀਆਂ ਪ੍ਰਣਾਲੀਆਂ ਦੇ ਫੇਲ ਹੋ ਜਾਣ ਦਾ ਜਿਆਦਾ ਖਤਰਾ ਹੋ ਸਕਦਾ ਹੈ। ਵਰਤਮਾਨ ਸਮੇਂ ਤੇ ਇਸ ਜੋਖਮ ਦਾ ਮਾਪ ਗਿਆਤ ਨਹੀਂ ਹੈ

ਟਰੈਵਲ ਕਲੀਨਿਕ ਜਾਂ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕਰੋ ਜੇ ਤੁਹਾਨੂੰ ਹੇਠਾਂ ਦਿੱਤੀਆਂ ਪ੍ਰਤੀਕਿਰਿਆਵਾਂ ਜਾਂ ਅਵਸਥਾਵਾਂ ਵਿੱਚੋਂ ਕੋਈ ਹਨ ਜਾਂ ਹੋਈਆਂ ਸਨ:

- ਪੀਲਾ ਬੁਖਾਰ (ਯੈਲੋ ਫੀਵਰ) ਵੈਕਸੀਨ ਦੀ ਪਹਿਲਾਂ ਦਿੱਤੀ ਗਈ ਖੁਰਾਕ ਜਾਂ ਜੈਲੇਟਿਨ ਸਮੇਤ ਵੈਕਸੀਨ ਦੇ ਕਿਸੇ ਅੰਸ਼ ਜਾਂ ਲੇਟੈਕਸ ਪ੍ਰਤੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਪ੍ਰਤੀਕ੍ਰਿਆ
- ਅੰਡਿਆਂ ਪ੍ਰਤੀ ਗੰਭੀਰ ਐਲਰਜੀ
- ਬੀਮਾਰੀ ਜਾਂ ਮੈਡੀਕਲ ਇਲਾਜ ਕਰਕੇ ਸਰੀਰ ਨੂੰ ਬੀਮਾਰੀ ਤੋਂ ਬਚਾਉਣ ਵਾਲੀ ਕਮਜ਼ੋਰ ਪ੍ਰਣਾਲੀ
- ਰਿਲੈਪਸਿੰਗ-ਰਿਮਿਟਿੰਗ ਮਲਟੀਪਲ ਸਕਲੇਰੋਸਿਸ (Relapsing-remitting multiple sclerosis - MS)। ਜੇ ਤੁਹਾਨੂੰ ਰਿਲੈਪਸਿੰਗ-ਰਿਮਿਟਿੰਗ MS ਹੈ ਤਾਂ ਪੀਲੇ ਬੁਖਾਰ ਦੀ ਵੈਕਸੀਨ ਕਰਕੇ MS ਦੇ ਮੁੜ ਕੇ ਹੋ ਜਾਣ ਦਾ ਖਤਰਾ ਵੱਧ ਸਕਦਾ ਹੈ ਜੇ ਤੁਹਾਨੂੰ ਰਿਲੈਪਸਿੰਗ-ਰਿਮਿਟਿੰਗ MS ਹੈ
- ਚਿੰਨ੍ਹਾਤਮਿਕ ਐਚਆਈਵੀ/ਏਡਜ਼ (HIV/AIDS) ਜਾਂ ਹੋਰ ਕਾਰਨਾਂ ਕਰਕੇ ਗੰਭੀਰ ਇੰਮਯੂਨੋਡੈਫੀਸ਼ੈਂਸੀ
- ਜੇ ਤੁਸੀਂ ਗਰਭਵਤੀ ਹੋ ਜਾਂ ਦੁੱਧ ਪਿਲਾ ਰਹੇ ਹੋ। ਆਉਟਬ੍ਰੇਕ ਦੌਰਾਨ ਅਪਵਾਦ ਹੋ ਸਕਦੇ ਹਨ ਜਦੋਂ ਵਿਗਾੜ ਦਾ ਵੱਧ ਖਤਰਾ ਹੈ

## ਪੀਲਾ ਬੁਖਾਰ (ਯੈਲੋ ਫੀਵਰ) ਕੀ ਹੈ?

ਪੀਲਾ ਬੁਖਾਰ (ਯੈਲੋ ਫੀਵਰ) ਵਾਇਰਸ ਕਰਕੇ ਹੋਣ ਵਾਲੀ ਗੰਭੀਰ ਅਤੇ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਬੀਮਾਰੀ ਹੈ। ਇਸਦਾ ਨਾਮ ਵਾਇਰਸ ਦੇ ਜਿਗਰ ਤੇ ਹਮਲਾ ਕਰਨ ਤੋਂ ਬਾਅਦ ਚਮੜੀ ਅਤੇ ਅੱਖਾਂ (ਪੀਲੀਆ) ਦੇ ਪੀਲਾ ਪੈ ਜਾਣ ਤੋਂ ਆਉਂਦਾ ਹੈ। ਬੀਮਾਰ ਹੋਣ ਵਾਲੇ ਹਰ 10 ਲੋਕਾਂ ਵਿੱਚੋਂ, 4 ਤੱਕ ਦੀ ਮੌਤ ਹੋ ਜਾਏਗੀ।

ਲੱਛਣਾਂ ਵਿੱਚ ਸ਼ਾਮਲ ਹਨ ਬੁਖਾਰ ਦੀ ਅਚਾਨਕ ਸ਼ੁਰੂਆਤ, ਕੰਬਣੀਆਂ, ਸਿਰਦਰਦ, ਪਿੱਠ ਦਰਦ, ਸਾਰੇ ਸਰੀਰ ਵਿੱਚ ਮਾਸਪੇਸ਼ੀਆਂ ਦੀ ਦਰਦ, ਮਤਲੀ ਅਤੇ ਉਲਟੀਆਂ। ਗੰਭੀਰ ਮਾਮਲਿਆਂ ਵਿੱਚ, ਤੁਹਾਡੇ ਨੱਕ, ਮੂੰਹ ਅਤੇ ਆਂਦਰਾਂ ਵਿੱਚੋਂ ਖੂਨ ਨਿਕਲ ਸਕਦਾ ਹੈ। ਤੁਹਾਡਾ ਜਿਗਰ ਅਤੇ ਗੁਰਦੇ ਵੀ ਕੰਮ ਕਰਨਾ ਬੰਦ ਕਰ ਸਕਦੇ ਹਨ। ਵਰਤਮਾਨ ਸਮੇਂ ਤੇ, ਇਸ ਬੀਮਾਰੀ ਦੇ ਇਲਾਜ ਲਈ ਕੋਈ ਦਵਾਈ ਨਹੀਂ ਹੈ।

ਪੀਲਾ ਬੁਖਾਰ (ਯੈਲੋ ਫੀਵਰ) ਵਾਇਰਸ ਲੋਕਾਂ ਤੱਕ ਉਨ੍ਹਾਂ ਵਿਗਾੜਗ੍ਰਸਤ ਮੱਛਰਾਂ ਦੇ ਕੱਟਣ ਨਾਲ ਫੈਲਦਾ ਹੈ ਜੋ ਅਫਰੀਕਾ, ਅਤੇ ਮੱਧਵਰਤੀ ਅਤੇ ਦੱਖਣੀ ਅਮਰੀਕਾ ਦੇ ਗਰਮ ਖੇਤਰਾਂ ਵਿਚ ਰਹਿੰਦੇ ਹਨ। ਵਾਇਰਸ ਕੈਨੇਡਾ ਵਿੱਚ ਮੱਛਰਾਂ ਰਾਹੀਂ ਨਹੀਂ ਫੈਲ ਸਕਦਾ। ਵਾਇਰਸ ਦਾ ਸੰਚਾਰ ਕਰਨ ਵਾਲੇ ਮੱਛਰਾਂ ਦੀ ਕਿਸਮ ਉਸ ਨੂੰ ਰੇਨਫੌਰੇਸਟ ਬੰਦਰਾਂ ਅਤੇ ਵਿਅਕਤੀ ਤੋਂ ਵਿਅਕਤੀ ਦੇ ਵਿਚਕਾਰ ਸੰਚਾਰਿਤ ਕਰ ਸਕਦੀ ਹੈ। ਮੱਛਰਾਂ ਦੇ ਕੱਟਣ ਨੂੰ ਰੋਕਣ ਬਾਰੇ ਹੋਰ ਜਾਣਕਾਰੀ ਲਈ, HealthLinkBC File #41f ਮਲੇਰੀਆ ਦੀ ਰੋਕਥਾਮ ਦੇਖੋ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਣ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ ਦੇਖੋ।